ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030310
Available online at: www.armaan.org.in
DOI: https://doi.org/10.64119/armaan.vol.3.issue3.10

# ਪਰਵਾਸੀ ਪੰਜਾਬੀਆਂ ਦੇ ਮਸਲਿਆਂ ਦਾ ਪ੍ਰਗਟਾਵਾ: ਡਾਲਰਾਂ ਦੀ ਦੌੜ

# PARWASI PUNJABIAN DE MASLIAN DA PARGTAWA: DALRAAN DI DAUD

**ਡਾ. ਅੰਜੂ ਬਾਲਾ (Dr. Anju Bala)**
**ਅਸਿਸਟੈਂਟ ਪ੍ਰੋਫੈਸਰ, ਪੰਜਾਬੀ (Assistant Professor, Punjabi)**
**ਪੀਸੀਐੱਮ ਐੱਸ. ਡੀ. ਕਾਲਜ ਫ਼ਾਰ ਵੂਮੈਨ ਜਲੰਧਰ (ਪੰਜਾਬ)**
**Email ID: abanju07@gmail.com ਮੋਬਾਈਲ: +91- 94636-40022**

**ਸਾਰ (Abstract)**

*ਮਨੁੱਖ ਦਾ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਰੋਜ਼ੀ ਰੋਟੀ ਦੀ ਭਾਲ ਵਿਚ ਜਾਣ ਦਾ ਸਿਲਸਿਲਾ ਮੁੱਢ ਕਦੀਮ ਤੋਂ ਹੀ ਚੱਲਿਆ ਆ ਰਿਹਾ ਹੈ। ਅਸਲ ਵਿਚ ਵਿਅਕਤੀ ਆਪਣਾ ਮੁਲਕ ਉਸ ਸਮੇਂ ਛੱਡ ਕੇ ਜਾਂਦਾ ਹੈ ਜਦੋਂ ਉਸ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਸ ਦੇ ਆਪਣੇ ਮੁਲਕ ਵਿਚ ਉਸ ਲਈ ਉਨੱਤੀ ਜਾ ਤਰੱਕੀ ਦੇ ਉੱਤਮ ਵਸੀਲੇ ਉੱਪਲਬਧ ਨਹੀਂ ਹਨ। ਭਾਰਤ ਦੇ ਲੋਕਾਂ ਦਾ ਪਰਵਾਸੀ ਬਣਨ ਪਿੱਛੇ ਵੀ ਇਹੀ ਕਾਰਨ ਹੈ। ਦੇਖਿਆ ਜਾਵੇ ਤਾਂ ਬਾਹਰਲੇ ਮੁਲਕਾਂ ਅੰਦਰ ਪਰਵਾਸੀਆਂ ਦੀ ਗਿਣਤੀ ਵਿਚ ਵਧੇਰੇ ਸੰਖਿਆਂ ਭਾਰਤੀਆਂ ਦੀ ਹੀ ਹੈ। ਸੋਨੇ ਦੀ ਚਿੜੀ ਅਖਵਾਉਣ ਵਾਲਾ ਇਹ ਦੇਸ਼ ਵੱਖ ਵੱਖ ਸਮੇਂ ਹਮਲਿਆਂ ਅਤੇ ਲੁੱਟਾਂ ਖੋਹਾਂ ਦਾ ਸ਼ਿਕਾਰ ਹੁੰਦਾ ਰਿਹਾ। ਇਨ੍ਹਾਂ ਹਮਲਿਆਂ ਅਤੇ ਲੁੱਟਾਂ ਖੋਹਾਂ ਦੇ ਵਿਚ ਪੰਜਾਬ ਨੂੰ ਸੱਭ ਤੋਂ ਵੱਧ ਨੁਕਸਾਨ ਝੱਲਣਾ ਪਿਆ ਅਤੇ ਇਹ ਆਰਥਿਕ ਪੱਖ ਤੋਂ ਕਮਜ਼ੋਰ ਹੋ ਗਿਆ। ਇੰਜ ਦੇਸ਼ ਦੀ ਮਾੜੀ ਆਰਥਿਕਤਾ ਅਤੇ ਬੇਰੁਜ਼ਗਾਰੀ ਨੇ ਭਾਰਤੀ ਪੰਜਾਬੀਆਂ ਨੂੰ ਆਪਣਾ ਘਰ ਅਤੇ ਮੁਲਕ ਛੱਡਣ ਲਈ ਮਜਬੂਰ ਕੀਤਾ। ਵਿਦੇਸ਼ੀ ਧਰਤੀ ਤੇ ਜਾ ਕੇ ਦਿਨ ਰਾਤ ਮਿਹਨਤ ਕਰਕੇ ਪੰਜਾਬੀ ਆਪਣੇ ਆਪ ਨੂੰ ਆਰਥਿਕ ਪੱਖ ਤੋਂ ਤਾਂ ਮਜ਼ਬੂਤ ਬਣਾ ਗਏ ਪਰ ਉਨ੍ਹਾਂ ਦੀਆਂ ਮੁਲਕ ਨਾਲ ਜੁੜੀਆਂ ਜੜ੍ਹਾਂ ਅਤੇ ਸਭਿਆਚਾਰਕ ਸਾਂਝਾਂ ਉਨ੍ਹਾਂ ਨੂੰ ਉਦਾਸ ਕਰਦੀਆਂ ਰਹੀਆਂ। ਆਪਣੇ ਸਭਿਆਚਾਰ ਨੂੰ ਭੁੱਲ ਕੇ ਵਿਦੇਸ਼ੀ ਸਭਿਆਚਾਰ ਨਾਲ ਜੁੜ ਪਾਉਣਾ ਉਨ੍ਹਾਂ ਲਈ ਸੰਭਵ ਨਹੀਂ ਸੀ ਜਿਸ ਕਾਰਨ ਉਹ ਅੰਦਰ ਹੀ ਅੰਦਰ ਟੁੱਟਦੇ ਰਹੇ ਅਤੇ ਦੁੱਖ ਭੋਗਦੇ ਰਹੇ। ਬੇਗਾਨੇ ਮੁਲਕ ਵਿਚ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਉਲਝਣਾਂ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਜਿਵੇਂ ਭੂ-ਹੇਰਵਾ, ਬੇਗਾਨਾਪਨ, ਗੁਲਾਮੀ ਦਾ ਅਹਿਸਾਸ, ਸਭਿਆਚਾਰਕ ਵਖਰੇਵਾਂ, ਨਸਲੀ ਵਿਤਕਰਾ ਆਦਿ। ਪਰਵਾਸੀ ਪੰਜਾਬੀਆਂ ਦੇ ਜੀਵਨ ਦੀਆਂ ਇਨ੍ਹਾਂ ਸਮੱਸਿਆਵਾਂ ਨਾਲ ਜਾਣੂ ਕਰਵਾਉਣ ਦਾ ਯਤਨ ਕਵਿਤਾ, ਕਹਾਣੀ, ਨਾਵਲ ਆਦਿ ਸਾਹਿਤਕ ਵਿਧਾਵਾਂ ਨਾਲ ਜੁੜੇ ਵੱਖ-ਵੱਖ ਸਾਹਿਤਕਾਰਾਂ ਜਿਵੇਂ ਅਜਮੇਰ ਰੋਡੇ, ਓਂਕਾਰਪ੍ਰੀਤ ਸਿੰਘ, ਰਵਿੰਦਰ ਰਵੀ, ਸਾਧੂ ਸਿੰਘ, ਸੁਖਵੰਤ ਹੁੰਦਲ, ਜਰਨੈਲ ਸਿੰਘ ਆਦਿ ਵਲੋਂ ਕੀਤਾ ਜਾਂਦਾ ਰਿਹਾ ਹੈ। ਪਰੰਤੂ ਉਪਰੋਕਤ ਤੋਂ ਬਿਨਾਂ ਹੋਰ ਵੀ ਕਈ ਅਜਿਹੇ ਮਸਲੇ ਹਨ ਜਿਨ੍ਹਾਂ ਨੇ ਪਰਵਾਸੀ ਪੰਜਾਬੀਆਂ ਨੂੰ ਉਲਝਾ ਕੇ ਰੱਖਿਆ ਹੋਇਆ ਹੈ। ਹੱਥਲੇ ਪਰਚੇ ਵਿਚ ਕੈਨੇਡਾ ਦੀ ਧਰਤੀ ਤੇ ਵਸਦੇ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਦੀਆਂ ਮੁਸ਼ਕਿਲਾਂ ਨੂੰ ਵਧਾਉਣ ਵਾਲੇ ਮਸਲਿਆਂ ਨੂੰ ਵਿਚਾਰਿਆ ਜਾਵੇਗਾ। ਇਸ ਮੰਤਵ ਨੂੰ ਮੁੱਖ ਰੱਖਦਿਆਂ ਨਾਹਰ ਔਜਲਾ ਦੇ ਨਾਟ-ਸੰਗ੍ਰਹਿ 'ਡਾਲਰਾਂ ਦੀ ਦੌੜ' ਨੂੰ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ।*

***ਕੀਵਰਡ (Keyword): ਨਾਟਕ, ਪੰਜਾਬੀ, ਪਰਵਾਸੀ, ਪਾਤਰ, ਡਾਲਰ, ਕੈਨੇਡਾ, ਮਸਲਾ, ਪਰਵਾਸ।***

ਪਰਵਾਸ ਦੋ ਸ਼ਬਦਾਂ ਪਰ+ਵਾਸ ਦੇ ਸੁਮੇਲ ਤੋਂ ਬਣਿਆ ਹੈ ਜਿਸ ਵਿਚ 'ਪਰ' ਦਾ ਅਰਥ ਪਰਾਇਆ ਅਤੇ 'ਵਾਸ' ਦਾ ਅਰਥ ਵਾਸ ਕਰਨਾ ਜਾ ਰਹਿਣਾ ਲਿਆ ਜਾਂਦਾ ਹੈ। ਇਸ ਤਰ੍ਹਾਂ 'ਪਰਵਾਸ' ਦੇ ਸ਼ਾਬਦਿਕ ਅਰਥ ਹਨ, 'ਪਰਾਏ ਮੁਲਕ ਵਿਚ ਜਾ ਕੇ ਵਾਸ ਕਰਨਾ ਜਾ ਰਹਿਣਾ'। ਭਾਈ ਕਾਨ੍ਹ ਸਿੰਘ ਨਾਭਾ ਵੀ ਪਰਵਾਸ ਦਾ ਅਰਥ ਕੁੱਝ ਇਸ ਤਰ੍ਹਾਂ ਹੀ ਦੱਸਦੇ ਹਨ। ਉਨ੍ਹਾਂ ਅਨੁਸਾਰ, *'ਪਰਵਾਸ ਦਾ ਅਰਥ ਹੈ ਵਿਦੇਸ਼ ਵਿਚ ਨਿਵਾਸ ਕਰਨਾ।'*[1] ਇੰਜ ਬੇਗਾਨੇ ਜਾ ਪਰਾਏ ਮੁਲਕ ਵਿਚ ਜਾ ਕੇ ਰਹਿਣ ਵਾਲੇ ਵਿਅਕਤੀ ਨੂੰ ਪਰਵਾਸੀ ਕਿਹਾ ਜਾਂਦਾ ਹੈ। ਡਾ. ਸੁਰਿੰਦਰ ਪਾਲ ਸਿੰਘ ਦਾ ਵਿਚਾਰ ਹੈ, *'ਪਰਾਈਆਂ ਧਰਤੀਆਂ ਉੱਤੇ ਰੁਜ਼ਗਾਰ ਦੀ ਤਲਾਸ਼ ਜਾਂ ਵਧੇਰੇ ਆਰਥਿਕ ਵਸੀਲਿਆਂ ਨੂੰ ਪ੍ਰਾਪਤ ਕਰਨ ਦੀ ਲਾਲਸਾ ਵਿਚ ਅਸਥਾਈ ਤੌਰ ਤੇ ਵਿਚਰਨ ਵਾਲੇ ਵਿਅਕਤੀਆਂ ਨੂੰ ਪਰਵਾਸੀਆਂ ਦਾ ਨਾਮ ਦਿੱਤਾ ਜਾਂਦਾ ਹੈ।'*[2] ਇੱਕੀਵੀਂ ਸਦੀ ਵਿਚ ਚਾਹੇ ਸਾਡਾ ਭਾਰਤ ਦੇਸ਼ ਵਿਕਾਸ ਦੀਆਂ ਉੱਚੀਆਂ ਪੌੜੀਆਂ ਚੜ ਚੁੱਕਿਆ ਹੈ ਪਰ ਫਿਰ ਵੀ

ਇਹ ਭਾਰਤੀਆਂ ਦੀ ਵਿਦੇਸ਼ੀ ਧਰਤੀ ਤੇ ਜਾਣ ਦੀ ਚਾਹ ਨੂੰ ਖਤਮ ਨਹੀਂ ਕਰ ਸਕਿਆ। ਇਸ ਦਾ ਮੁੱਖ ਕਾਰਣ ਨੌਜਵਾਨਾਂ ਲਈ ਨੌਕਰੀ ਜਾਂ ਰੁਜ਼ਗਾਰ ਦੇ ਵਸੀਲੇ ਮੁਹੱਈਆ ਨਾ ਕਰਵਾ ਸਕਣਾ ਹੈ। ਦੂਜੇ ਪਾਸੇ ਭਾਰਤੀ ਪੰਜਾਬੀ ਹੱਡ ਭੰਨਵੀ ਮਿਹਨਤ ਕਰਨ ਲਈ ਸ਼ੁਰੂ ਤੋਂ ਹੀ ਮਸ਼ਹੂਰ ਰਹੇ ਹਨ ਅਤੇ ਉਹ ਘਰ ਦੀ ਗਰੀਬੀ ਜਾ ਮਾੜੀ ਆਰਥਿਕਤਾ ਨੂੰ ਸੁਧਾਰਨ ਲਈ ਵਿਦੇਸ਼ਾਂ ਵਿਚ ਜਾਕੇ ਵੀ ਸਖ਼ਤ ਮਿਹਨਤ, ਮੁਸ਼ੱਕਤ ਦਾ ਪ੍ਰਗਟਾਵਾ ਕਰਦੇ ਰਹੇ ਹਨ। ਇਉਂ ਆਪਣੇ ਮਿਹਨਤੀ ਸੁਭਾਅ ਸਦਕਾ ਉਹ ਸੰਸਾਰ ਦੇ ਹਰ ਖੇਤਰ ਵਿਚ ਮੱਲਾਂ ਮਾਰਦੇ ਨਜ਼ਰ ਆ ਰਹੇ ਹਨ ਅਤੇ ਆਪਣੀ ਕਾਮਯਾਬੀ ਦਾ ਪ੍ਰਮਾਣ ਪੇਸ਼ ਕਰ ਰਹੇ ਹਨ। ਪਰੰਤੂ ਵਿਦੇਸ਼ੀ ਧਰਤੀ ਤੇ ਜਾਕੇ ਉਹ ਆਪਣੇ ਸਭਿਆਚਾਰ, ਖਾਣ ਪੀਣ ਦੀਆਂ ਆਦਤਾਂ ਅਤੇ ਜੱਟਵਾਦੀ ਸੋਚ ਨੂੰ ਤਿਆਗ ਨਹੀਂ ਪਾਉਂਦੇ ਜੋ ਉਨ੍ਹਾਂ ਲਈ ਚਿੰਤਾਵਾਂ ਅਤੇ ਪਰੇਸ਼ਾਨੀਆਂ ਦਾ ਕਾਰਨ ਬਣਦੇ ਹਨ। ਕੈਨੇਡਾ ਦੀ ਧਰਤੀ 'ਤੇ ਰਹਿੰਦੇ ਪਰਵਾਸੀ ਪੰਜਾਬੀਆਂ ਦੇ ਅਜਿਹੇ ਹੀ ਚਿੰਤਾਜਨਕ ਮਸਲਿਆਂ ਨੂੰ ਹੀ ਨਾਹਰ ਔਜਲਾ ਆਪਣੇ ਨਾਟਕਾਂ ਰਾਹੀਂ ਪੇਸ਼ ਕਰਨ ਦਾ ਯਤਨ ਕਰਦਾ ਹੈ।

ਨਾਹਰ ਔਜਲਾ ਪੰਜਾਬੀ ਨਾਟਕ ਅਤੇ ਰੰਗਮੰਚ ਨਾਲ ਜੁੜੀ ਹੋਈ ਇਕ ਨਾਮਵਰ ਸ਼ਖ਼ਸੀਅਤ ਹੈ ਜੋ ਕੈਨੇਡਾ ਦੀ ਧਰਤੀ ਤੇ ਰਹਿੰਦੇ ਹੋਏ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਪ੍ਰਫੁੱਲਿਤ ਕਰਨ ਵਿਚ ਕਾਰਜਸ਼ੀਲ ਹੈ। ਨਾਹਰ ਔਜਲਾ ਪੰਜਾਬ ਦੇ ਸ਼ਹਿਰ ਲੁਧਿਆਣਾ ਦੇ ਨੇੜੇ ਪਿੰਡ ਨਸਰਾਲੀ ਦਾ ਜੰਮਪਲ ਹੈ। ਉਸ ਦਾ ਜਨਮ ਪਿਤਾ ਬਚਨ ਸਿੰਘ ਦੇ ਘਰ ਮਾਤਾ ਗੁਰਦੇਵ ਕੌਰ ਦੀ ਕੁੱਖੋਂ 05 ਮਈ, 1956 ਈ. ਨੂੰ ਹੋਇਆ। ਉਸ ਨੇ ਮੁੱਢਲੀ ਸਿੱਖਿਆ ਨਸਰਾਲੀ ਪਿੰਡ ਦੇ ਸਕੂਲ ਤੋਂ ਹਾਸਿਲ ਕਰਨ ਉਪਰੰਤ ਗ੍ਰੈਜੂਏਸ਼ਨ ਦੀ ਡਿਗਰੀ ਏ. ਐੱਸ ਕਾਲਜ, ਖੰਨਾ ਤੋਂ ਪ੍ਰਾਪਤ ਕੀਤੀ। ਨਾਹਰ ਸਿੰਘ ਉੱਘੇ ਰੰਗਕਰਮੀ ਗੁਰਸ਼ਰਨ ਸਿੰਘ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਸੀ ਅਤੇ ਉਸ ਨੇ ਨਸਰਾਲੀ ਵਿਖੇ ਇਕ 'ਲੋਕ ਕਲਾ ਕੇਂਦਰ' ਨਾਂ ਦੀ ਨਾਟ-ਮੰਡਲੀ ਦੀ ਸਥਾਪਨਾ ਵੀ ਕੀਤੀ। ਇਕ ਸਾਧਾਰਨ ਅਤੇ ਕਿਸਾਨੀ ਪਰਿਵਾਰ ਨਾਲ ਜੁੜੇ ਨਾਹਰ ਦਾ ਵਿਆਹ 1986 ਵਿਚ ਕੈਨੇਡਾ ਦੀ ਵਸਨੀਕ ਅਵਤਾਰ ਕੌਰ ਨਾਲ ਹੋ ਗਿਆ ਅਤੇ 1987 ਈ. ਵਿਚ ਉਹ ਕੈਨੇਡਾ ਚਲਾ ਗਿਆ। ਇਨਕਲਾਬੀ ਸੋਚ ਦਾ ਮਾਲਿਕ ਨਾਹਰ ਕੈਨੇਡਾ ਜਾ ਕੇ ਵੀ ਨਹੀਂ ਬਦਲਿਆ ਅਤੇ ਭਿੰਨ-ਭਿੰਨ ਗਤੀਵਿਧੀਆਂ ਵਿਚ ਭਾਗ ਲੈਣ ਲੱਗਾ। ਉੱਥੇ ਉਸ ਨੇ 'ਚੇਤਨਾ ਕਲਚਰਲ ਸੈਂਟਰ' ਰਾਹੀਂ ਸ਼ੌਕੀਆ ਤੌਰ ਤੇ ਰੰਗਮੰਚ ਸ਼ੁਰੂ ਕੀਤਾ। ਉਸ ਨੇ 23 ਮਾਰਚ, 1992 ਈ. ਨੂੰ ਸ਼ਹੀਦਾਂ ਦੀ ਯਾਦ ਵਿਚ ਕਰਵਾਏ ਜਾਣ ਵਾਲੇ ਸਭਿਆਚਾਰਕ ਪ੍ਰੋਗਰਾਮ ਦੌਰਾਨ ਇਨਕਲਾਬ ਜ਼ਿੰਦਾਬਾਦ' ਨਾਂ ਦੀ ਸਕਿੱਟ ਲਿਖ ਕੇ ਸਟੇਜ ਤੇ ਪੇਸ਼ ਕੀਤੀ ਅਤੇ ਆਪਣੇ ਰੰਗਮੰਚੀ ਸਫ਼ਰ ਦੀ ਸ਼ੁਰੂਆਤ ਕੀਤੀ। ਪਿਛਲੇ ਲਗਭਗ ਚਾਰ ਦਹਾਕਿਆਂ ਤੋਂ ਕੈਨੇਡਾ ਦੀ ਧਰਤੀ ਤੇ ਰਹਿੰਦਿਆਂ ਉਸ ਨੇ ਭਾਰਤੀ ਪੰਜਾਬੀਆਂ ਦੇ ਜੀਵਨ ਪੱਧਰ ਅਤੇ ਰੋਜ਼ਾਨਾ ਜ਼ਿੰਦਗੀ ਨਾਲ ਸੰਬੰਧਿਤ ਭਿੰਨ-ਭਿੰਨ ਮਸਲਿਆਂ ਨੂੰ ਨੇੜੇ ਹੋ ਕੇ ਸਮਝਣ ਦੀ ਕੋਸ਼ਿਸ਼ ਕੀਤੀ। ਉਸ ਨੇ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਨੂੰ ਉਲਝਾਉਣ ਵਾਲੇ ਮਸਲਿਆਂ ਨੂੰ ਨਾਟਕੀ ਰੂਪ ਦਿੱਤਾ ਅਤੇ ਅਦਾਕਾਰੀ ਰਾਹੀਂ ਸਟੇਜ ਉੱਤੇ ਦਰਸ਼ਕਾਂ ਸਾਹਮਣੇ ਪੇਸ਼ ਕੀਤਾ। ਹੁਣ ਤਕ ਨਾਹਰ ਔਜਲਾ ਨੇ ਕੈਨੇਡਾ ਵਿਚ ਰਹਿੰਦੇ ਪੰਜਾਬੀ ਪਰਵਾਸੀਆਂ ਦੇ ਜੀਵਨ ਦੀਆਂ ਸਮੱਸਿਆਵਾਂ ਦਾ ਪ੍ਰਗਟਾਵਾ ਕਰਦੇ ਦੋ ਨਾਟ-ਸੰਗ੍ਰਹਿ ਨਾਟ-ਪ੍ਰੇਮੀਆਂ ਦੀ ਝੋਲੀ ਪਾਏ ਹਨ ਜਿਨ੍ਹਾਂ ਦੇ ਨਾਮ 'ਡਾਲਰਾਂ ਦੀ ਦੌੜ' (2011) ਅਤੇ 'ਸੁਪਰ ਵੀਜ਼ਾ ਤੇ ਹੋਰ ਨਾਟਕ' (2014) ਹਨ। ਅਧਿਐਨ ਅਧੀਨ 'ਡਾਲਰਾਂ ਦੀ ਦੌੜ' ਨਾਟ ਸੰਗ੍ਰਹਿ ਵਿਚ ਕੁੱਲ ਪੰਜ ਨਾਟਕ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਦੇ ਨਾਮ 'ਡਾਲਰਾਂ ਦੀ ਦੌੜ', 'ਰੌਕੀ', 'ਅਹਿਸਾਸ', 'ਤਿੜਕਦੇ ਰਿਸ਼ਤੇ' ਅਤੇ 'ਨਵੇਂ ਯੁੱਗ ਦੀ ਬਾਤ' ਹਨ।

ਪਰਵਾਸ ਦੌਰਾਨ ਬੇਗਾਨੀ ਧਰਤੀ 'ਤੇ ਰਹਿੰਦਿਆਂ ਪਰਵਾਸੀਆਂ ਵਿਚ ਵੱਧ ਤੋਂ ਵੱਧ ਪੈਸਾ ਕਮਾਉਣ ਦਾ ਲਾਲਚ ਆ ਜਾਣਾ ਚਿੰਤਾ ਦਾ ਵਿਸ਼ਾ ਹੈ। ਇਸ ਵਿਚ ਕੋਈ ਝੂਠ ਨਹੀਂ ਕਿ ਵਿਦੇਸ਼ੀ ਧਰਤੀ ਤੇ ਪਹੁੰਚਕੇ ਸਾਡੇ ਪੰਜਾਬੀ ਵੀਰ ਡਾਲਰ ਜਾਂ ਪੌਂਡ ਕਮਾਉਣ ਦੀ ਦੌੜ ਵਿਚ ਸ਼ਾਮਿਲ ਹੋ ਜਾਂਦੇ ਹਨ। ਅਜਿਹਾ ਕਰਦਿਆਂ ਹੋਇਆ ਉਨ੍ਹਾਂ ਨੂੰ ਸਿਰਫ ਦੁਨਿਆਵੀ ਵਸਤੂਆਂ ਅਤੇ ਸੁੱਖ ਸੁਵਿਧਾਵਾਂ ਇਕੱਠੀਆਂ ਕਰਨ ਦਾ ਖਿਆਲ ਹੁੰਦਾ ਹੈ। ਉਹ ਜਲਦੀ ਤੋਂ ਜਲਦੀ ਆਪਣੇ ਆਪ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨਾ ਚਾਹੁੰਦੇ ਹਨ ਜਿਸ ਕਾਰਨ ਉਹ ਦਿਨ ਰਾਤ ਕੰਮ ਦੀਆਂ ਸ਼ਿਫਟਾਂ ਵਿਚ ਮਸਤ ਰਹਿੰਦੇ ਹਨ। ਇੰਨਾ ਹੀ ਨਹੀਂ ਜਿਹੜੇ ਪਰਵਾਸੀ ਪਰਿਵਾਰ ਸਮੇਤ ਵਿਦੇਸ਼ ਵਿਚ ਰਹਿੰਦੇ ਹਨ ਉਹ ਤਾਂ ਘਰ ਪਰਿਵਾਰ ਜਾਂ ਪਰਿਵਾਰਕ ਮੈਂਬਰਾਂ ਨੂੰ ਵੀ ਇਕ ਪਾਸੇ ਕਰ ਦਿੰਦੇ ਹਨ। ਉਹ ਜਿਆਦਾ ਤੋਂ ਜਿਆਦਾ ਧਨ ਇਕੱਠਾ ਕਰਨ ਲਈ ਲਗਾਈਆਂ ਜਾਣ ਵਾਲੀਆਂ ਦਿਨ ਰਾਤ ਦੀਆਂ ਸ਼ਿਫਟਾਂ ਦੇ ਚੱਕਰ ਵਿਚ ਇਕ ਘਰ ਵਿਚ ਰਹਿੰਦੇ ਜੀਆਂ ਨੂੰ ਵੀ ਨਹੀਂ ਦੇਖ ਪਾਉਂਦੇ। ਉਹ ਇਹ ਵਿਸਾਰ ਦਿੰਦੇ ਹਨ ਕਿ ਘਰ ਪਰਿਵਾਰ ਨੂੰ ਉਨ੍ਹਾਂ ਦੇ ਸਾਥ ਦੀ ਲੋੜ ਵੀ ਮਹਿਸੂਸ ਹੁੰਦੀ ਹੋਵੇਗੀ। ਪਰਿਵਾਰਕ ਮੈਂਬਰਾਂ ਨਾਲ ਰਲ ਮਿਲਕੇ ਬੈਠਣਾ ਅਤੇ ਦੁੱਖ ਸੁੱਖ ਸਾਂਝੇ ਕਰਨਾ ਵੀ ਅਤਿ ਜ਼ਰੂਰੀ ਹੈ। ਡਾਲਰਾਂ ਦੀ ਅੰਨ੍ਹੀ ਦੌੜ ਵਿਚ ਸ਼ਾਮਿਲ ਹੋ ਜਾਣਾ ਕਈ ਵਾਰ ਜ਼ਿੰਦਗੀ ਦੀਆਂ ਉਲਝਣਾਂ ਨੂੰ ਹੋਰ ਵਧਾ ਦਿੰਦਾ ਹੈ। ਅਜਿਹੇ ਵਿਅਕਤੀਆਂ ਦੀਆਂ ਅੱਖਾਂ ਉਸ ਵੇਲੇ ਖੁੱਲਦੀਆਂ ਹਨ ਜਦੋਂ ਉਹਨਾਂ ਦੇ ਬੱਚੇ ਉਹਨਾਂ ਦੀਆਂ ਉਮੀਦਾਂ ਤੋਂ ਉਲਟਾ ਵਿਚਰਨਾ ਸ਼ੁਰੂ ਕਰ ਦਿੰਦੇ ਹਨ। ਮਾਪਿਆਂ ਦੇ ਲਾਡ ਪਿਆਰ ਤੋਂ ਵਾਂਝੀ, ਇਕੱਲਤਾ ਭੋਗਦੀ ਔਲਾਦ ਗਲਤ ਰਸਤੇ 'ਤੇ ਚੱਲ ਪੈਂਦੀ ਹੈ ਜਿਸ ਨਾਲ ਉਨ੍ਹਾਂ

ਦੀ ਜ਼ਿੰਦਗੀ ਦੀਆਂ ਖੁਸ਼ੀਆਂ ਮਰ ਜਾਂਦੀਆਂ ਹਨ। ਪਰਵਾਸੀ ਪੰਜਾਬੀਆਂ ਦੇ ਜੀਵਨ ਦੇ ਇਸ ਗੰਭੀਰ ਮਸਲੇ ਦੀ ਪੇਸ਼ਕਾਰੀ 'ਡਾਲਰਾਂ ਦੀ ਦੌੜ' ਨਾਟਕ ਵਿਚ ਕੀਤੀ ਗਈ ਹੈ। ਇਹ ਨਾਟਕ ਆਪਣੀ ਰੰਗਮੰਚੀ ਸਫਲ ਪੇਸ਼ਕਾਰੀ ਤੋਂ ਇਲਾਵਾ ਕੈਨੇਡਾ ਦੇ ਵੱਖ ਵੱਖ ਟੀਵੀ ਚੈਨਲਾਂ ਵਲੋਂ ਪ੍ਰਸਾਰਿਤ ਵੀ ਕੀਤਾ ਜਾ ਚੁੱਕਾ ਹੈ। ਨਾਟਕ ਦੀ ਸਫਲ ਪੇਸ਼ਕਾਰੀ ਬਾਰੇ ਸ. ਸ. ਘੁੰਮਣ ਦੇ ਵਿਚਾਰ ਹਨ:

*ਇਹ 'ਡਾਲਰਾਂ ਦੀ ਦੌੜ' ਪੰਜਾਬੀ ਨਾਟਕ ਪੰਜਾਬੀ ਪ੍ਰੈੱਸ ਕਲੱਬ ਦੀ ਗਾਲਾ ਨਾਈਟ ਵਿਚ ਖਾਸ ਤੌਰ 'ਤੇ ਦਿਖਾਇਆ ਗਿਆ। ਇਸ ਦੀਆਂ ਬਹੁਤ ਸਾਰੀਆਂ ਡੀ.ਵੀ.ਡੀ. ਲੋਕ ਹਾਸਲ ਕਰ ਚੁੱਕੇ ਹਨ। ਕਈ ਵਾਰ 'ਸੁਰ ਸਾਗਰ' ਟੀ.ਵੀ. ਤੇ ਵੀਜ਼ਨ ਟੀ. ਵੀ. ਉੱਤੇ ਵੀ ਵਿਖਾਇਆ ਜਾ ਚੁੱਕਾ ਹੈ।*[3]

'ਡਾਲਰਾਂ ਦੀ ਦੌੜ' ਨਾਟਕ ਪੂਰਨਤਾ ਯਥਾਰਥਵਾਦੀ ਰੰਗਣ ਸ਼ੈਲੀ ਦਾ ਨਾਟਕ ਹੈ ਜੋ ਕਿ ਕੈਨੇਡਾ ਦੇ ਹੀ ਨਹੀਂ ਬਲਕਿ ਇੰਗਲੈਂਡ, ਅਮਰੀਕਾ, ਅਸਟ੍ਰੇਲੀਆ ਭਾਵ ਹਰ ਮੁਲਕ ਵਿਚ ਬੈਠੇ ਪਰਵਾਸੀ ਪੰਜਾਬੀਆਂ ਦੇ ਜੀਵਨ ਨਾਲ ਵੀ ਮੇਲ ਖਾਂਦਾ ਹੈ। ਇਹ ਨਾਟਕ ਡਾਲਰ ਕਮਾਉਣ ਦੇ ਲਾਲਚ ਵਿਚ ਝੱਲੇ ਹੋਏ ਪਰਵਾਸੀਆਂ ਦੀ ਦਰਦ ਭਰੀ ਦਾਸਤਾਨ ਨੂੰ ਪੇਸ਼ ਕਰਦਾ ਹੈ। ਨਾਟਕਕਾਰ ਵਲੋਂ ਵਿਸ਼ੇ ਦੀ ਪੇਸ਼ਕਾਰੀ ਲਈ ਨਾਟਕ ਵਿਚ ਅਮਰ ਸਿੰਘ, ਕਰਮਜੀਤ ਕੌਰ (ਅਮਰ ਸਿੰਘ ਦੀ ਪਤਨੀ), ਰਮਨ (ਅਮਰ ਸਿੰਘ ਦੀ ਬੇਟੀ), ਰੌਬੀ (ਅਮਰ ਸਿੰਘ ਦਾ ਬੇਟਾ) ਅਤੇ ਜਗਤਾਰ (ਕਰਮਜੀਤ ਦਾ ਭਰਾ) ਕੁੱਲ ਪੰਜ ਪਾਤਰਾਂ ਦੀ ਚੋਣ ਕੀਤੀ ਗਈ ਹੈ। ਅਮਰ ਸਿੰਘ ਇਸ ਨਾਟਕ ਦਾ ਮੁੱਖ ਪਾਤਰ ਹੈ ਜੋ ਕਿ ਡਾਲਰ ਕਮਾਉਣ ਦੀ ਦੌੜ ਵਿਚ ਲੱਗੇ ਹੋਏ ਪਰਵਾਸੀ ਪੰਜਾਬੀ ਵਰਗ ਦੀ ਪ੍ਰਤਿਨਿੱਧਤਾ ਕਰਦਾ ਹੈ। ਉਹ ਅਤੇ ਉਸ ਦੀ ਪਤਨੀ ਦਿਨ ਰਾਤ ਹੱਡ ਭੰਨਵੀਂ ਮਿਹਨਤ ਕਰਦੇ ਹਨ ਤਾਂ ਜੋ ਆਪਣੇ ਬੱਚਿਆਂ ਨੂੰ ਸਾਰੀਆਂ ਸਹੂਲਤਾ ਮੁਹੱਈਆ ਕਰਵਾ ਸਕਣ। ਉਹ ਆਪਣੇ ਪਰਿਵਾਰ ਲਈ ਵੱਡਾ ਘਰ ਖਰੀਦਦੇ ਹਨ, ਬੱਚਿਆਂ ਨੂੰ ਵਧੀਆ ਸਕੂਲਾਂ ਵਿਚ ਪੜ੍ਹਾਉਂਦੇ ਹਨ ਅਤੇ ਘੁੰਮਣ ਲਈ ਮਹਿੰਗੀ ਕਾਰ ਵੀ ਲੈਕੇ ਦਿੰਦੇ ਹਨ। ਇਉਂ ਉਹ ਆਰਥਿਕ ਪੱਖ ਤੋ ਕਾਮਯਾਬ ਇਨਸਾਨ ਹੋਣ ਦਾ ਸਬੂਤ ਪੇਸ਼ ਕਰਦੇ ਹਨ। ਪਰੰਤੂ ਫਿਰ ਵੀ ਚੰਗੇ ਮਾਂ-ਬਾਪ ਨਹੀਂ ਬਣ ਪਾਉਂਦੇ। ਉਹ ਆਪਣਿਆਂ ਬੱਚਿਆਂ ਨੂੰ ਕੀਮਤੀ ਸਮਾਂ ਦੇਣ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਿਚ ਅਸਫਲ ਰਹਿ ਜਾਂਦੇ ਹਨ। ਉਦਾਹਰਨ:

*ਕਰਮਜੀਤ: ਤੁਸੀਂ ਕਿਸੇ ਦੀ ਛੱਡੋ, ਆਪਣਿਆਂ ਬਾਰੇ ਈ ਸੋਚੋ, ਕਦੇ ਕੀਤੀ ਐ ਬੈਠ ਕੇ ਆਪਣੇ ਜੁਆਕਾਂ ਨਾਲ ਗੱਲ ਬਈ ਉਹ ਕੀ ਕਰਦੇ ਨੇ, ਕਦ ਘਰੋਂ ਜਾਂਦੇ ਨੇ ਕਦ ਉਹ ਵਾਪਸ ਆਉਂਦੇ ਨੇ।*[4]

ਨਾਟਕ ਵਿਚ ਅਮਰ ਅਤੇ ਕਰਮਜੀਤ ਕੰਮ ਦੀ ਦੌੜ-ਭੱਜ ਅਤੇ ਡਾਲਰਾਂ ਦੇ ਲਾਲਚ ਵਿਚ ਆਪਣੇ ਬੱਚਿਆਂ ਨੂੰ ਨਾ ਸਮਾਂ ਦੇ ਸਕੇ ਨਾ ਪਿਆਰ। ਉਨ੍ਹਾਂ ਨੂੰ ਆਪਣੀ ਕਾਮਯਾਬੀ ਉਸ ਸਮੇਂ ਵਿਅਰਥ ਲੱਗਦੀ ਹੈ ਜਦੋਂ ਉਹ ਆਪਣੇ ਬੱਚਿਆਂ ਨੂੰ ਗਲਤ ਸੰਗਤ ਵਿਚ ਪੈ ਗਏ ਦੇਖਦੇ ਹਨ। ਰੌਬੀ (ਅਮਰ ਦਾ ਬੇਟਾ) ਦਸ ਦਸ ਦਿਨ ਘਰ ਨਹੀਂ ਆਉਂਦਾ ਅਤੇ ਆਪਣੇ ਦੋਸਤਾਂ ਨਾਲ ਮਿਲ ਕੇ ਨਸ਼ਾ ਕਰਦਾ ਹੈ। ਜਦੋਂ ਕਰਮਜੀਤ ਉਸ ਦੇ ਸਮੇਂ ਸਿਰ ਘਰ ਨਾ ਆਉਣ 'ਤੇ ਗੁੱਸਾ ਕਰਦੀ ਹੈ ਤਾਂ ਰੌਬੀ ਉਨ੍ਹਾਂ ਨੂੰ ਉਨ੍ਹਾਂ ਦੀ ਗ਼ਲਤੀ ਦਾ ਅਹਿਸਾਸ ਕਰਵਾਉਂਦਾ ਹੋਇਆ ਕਹਿੰਦਾ ਹੈ:

*ਰੌਬੀ: ਘਰੇ ਅਸੀਂ ਕੀਹਦੇ ਕੋਲ ਰਹੀਏ, ਤੁਸੀਂ ਤਾਂ ਦੋਵੇਂ ਕੰਮ 'ਤੇ ਤੁਰੇ ਰਹਿੰਦੇ ਹੋ, ਰਮਨ ਦੀ ਬੇਬੀ ਸਿਟਿੰਗ ਵੀ ਮੈਂ ਹੀ ਕੀਤੀ ਐ। ਤੁਸੀਂ ਤਾਂ ਹਰ ਸਮੇਂ ਕੰਮ 'ਤੇ ਹੀ ਤੁਰੇ ਰਹਿੰਦੇ ਸੀ।*[5]

ਇਹ ਵੀ ਸੱਚ ਹੈ ਕਿ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਲਾਲਸਾ ਪਿੱਛੇ ਕਈ ਕਾਰਨ ਵੀ ਕਾਰਜਸ਼ੀਲ ਹੁੰਦੇ ਹਨ ਜਿਵੇਂ ਕਿ ਕਰਜੇ ਦਾ ਬੋਝ, ਅਤਿ ਦੀ ਗਰੀਬੀ, ਪਰਿਵਾਰਿਕ ਜ਼ਿੰਮੇਵਾਰੀਆਂ ਆਦਿ। ਪਰੰਤੂ ਵਿਅਕਤੀ ਨੂੰ ਪਰਿਵਾਰਿਕ ਰਿਸ਼ਤਿਆਂ ਪ੍ਰਤੀ ਬਣਦੇ ਆਪਣੇ ਫਰਜ਼ਾਂ ਨੂੰ ਕਦੇ ਸੂਲ਼ੀ ਨਹੀਂ ਟੰਗਣਾ ਚਾਹੀਦਾ ਕਿਉਂਕਿ ਡਾਲਰ ਕਮਾਉਣ ਦੇ ਲਾਲਚ ਵਿਚ ਅੰਨ੍ਹਾ ਹੋਇਆ ਇਨਸਾਨ ਕਈ ਵਾਰ ਆਪਣੇ ਆਪ ਨੂੰ ਆਪਣੇ ਪਰਿਵਾਰ ਤੋਂ ਕੋਹਾਂ ਦੀ ਵਿੱਥ ਤੇ ਖੜਾ ਮਹਿਸੂਸ ਕਰਦਾ ਹੈ। ਨਾਟਕ ਵਿਚ ਰੌਬੀ ਜਦੋਂ ਲੁੱਟਾਂ ਖੋਹਾਂ ਕਰਦਾ ਹੋਇਆ ਇਕ ਬੈਂਕ ਡਕੈਤੀ ਦੇ ਕੇਸ ਵਿਚ ਫੱਸ ਜਾਂਦਾ ਹੈ ਅਤੇ ਰਮਨ ਆਪਣਿਆਂ ਦੋਸਤਾਂ ਨਾਲ ਦੇਰ ਰਾਤ ਤੱਕ ਪਾਰਟੀਆਂ ਵਿਚ ਜਾਂਦੀ ਨਸ਼ਾ ਕਰਨ ਲੱਗਦੀ ਹੈ ਤਾਂ ਉਸ ਸਮੇਂ ਅਮਰ ਅਤੇ ਕਰਮਜੀਤ ਕੋਲ਼ ਪਛਤਾਵੇ ਤੋਂ ਸਿਵਾ ਹੋਰ ਕੁੱਝ ਨਹੀਂ ਹੁੰਦਾ।

*ਅਮਰ: ਘਰ ਦਾ ਖਰਚਾ ਮੈਂ ਆਪ ਹੀ ਕਰਾਂਗਾ, ਤੂੰ ਬੱਚਿਆਂ ਵੱਲ ਧਿਆਨ ਦੇ ਕੇ ਦੇਖ, ਜੇ ਵਾਪਸ ਹੀ ਮੁੜ ਆਉਣ, ਆਪਾਂ ਤਾਂ ਇੰਨੇ ਸਾਲ ਪਤਾ ਨਹੀਂ ਕਿਸ ਵਹਿਣ 'ਚ ਵਹਿੰਦੇ ਡਾਲਰਾਂ ਮਗਰ ਹੀ ਦੌੜਦੇ ਰਹੇ, ਇਹ ਤਾਂ ਪਤਾ ਹੀ ਨਹੀਂ ਲੱਗਿਆ ਕਿ ਭਿਆਨਕ ਤਬਾਹੀ ਸਾਡਾ ਪਿੱਛਾ ਕਰ ਰਹੀ ਹੈ, ਇਸ ਨੂੰ ਆਪਾਂ ਕਦੇ ਮਹਿਸੂਸ ਹੀ ਨਹੀਂ ਕਰ ਸਕੇ।*[6]

ਇੰਜ ਹੀ ਨੌਜਵਾਨਾਂ ਵਿਚ ਹਿੰਸਕ ਪ੍ਰਵਿਰਤੀ ਦਾ ਵੱਧਦੇ ਜਾਣਾ ਇਕ ਗੰਭੀਰ ਅਤੇ ਚਿੰਤਾਜਨਕ ਮਸਲਾ ਹੈ। ਅੱਜਕੱਲ ਹਰ ਜਗ੍ਹਾ ਹੀ ਹਿੰਸਕ ਘਟਨਾਵਾਂ ਵਾਪਰ ਰਹੀਆਂ ਹਨ। ਸੰਸਾਰ ਦਾ ਕੋਈ ਕੋਨਾ ਇਨ੍ਹਾਂ ਹਿੰਸਕ ਘਟਨਾਵਾਂ ਦੀ ਮਾਰ ਤੋਂ ਬਚਿਆ ਨਹੀਂ ਰਿਹਾ। ਟੀਵੀ ਅਤੇ ਸੋਸ਼ਲ ਮੀਡੀਆ

ਉੱਤੇ ਰੋਜ਼ ਹਿੰਸਕ ਝੜਪਾਂ ਦੇ ਕਾਰਨ ਕਈ ਲੋਕਾਂ ਦੇ ਘਰ ਉੱਜੜਦੇ ਦਿਖਾਏ ਜਾਂਦੇ ਹਨ। ਇਨ੍ਹਾਂ ਮਾਰ-ਧਾੜਾਂ ਅਤੇ ਲੜਾਈ ਝਗੜਿਆਂ ਵਿਚ ਸ਼ਾਮਿਲ ਬਹੁਤੀ ਸੰਖਿਆ ਨੌਜਵਾਨ ਮੁੰਡਿਆਂ ਦੀ ਹੀ ਦੱਸੀ ਜਾਂਦੀ ਹੈ। ਕੈਨੇਡੀਅਨ ਪੰਜਾਬੀ ਭਾਈਚਾਰੇ ਲਈ ਵੀ ਹਿੰਸਕ ਪ੍ਰਵਿਰਤੀ ਇਕ ਗੰਭੀਰ ਅਤੇ ਚਿੰਤਾਜਨਕ ਮਸਲਾ ਬਣਿਆ ਹੋਇਆ ਹੈ। ਟੋਰਾਂਟੋ ਅਤੇ ਬੈਨਕੂਵਰ ਵਿਚ ਇਹ ਕੁਰੀਤੀ ਭਿਆਨਕ ਰੂਪ ਦਿਖਾ ਚੁਕੀ ਹੈ। ਨਾਟਕਕਾਰ ਨਾਹਰ ਔਜਲਾ ਕੈਨੇਡਾ ਦੀ ਧਰਤੀ ਤੇ ਰਹਿ ਰਹੇ ਪਰਵਾਸੀ ਪੰਜਾਬੀਆਂ ਦੇ ਬੱਚਿਆਂ ਵਿਚ ਵਾਪਰ ਰਹੀਆਂ ਹਿੰਸਕ ਘਟਨਾਵਾਂ ਅਤੇ ਇਨ੍ਹਾਂ ਘਟਨਾਵਾਂ ਦੇ ਮਾੜੇ ਪ੍ਰਭਾਵਾਂ ਕਾਰਨ ਚਿੰਤਤ ਹੈ।

ਨਾਹਰ ਔਜਲਾ ਨੇ ਹਿੰਸਾ ਦੀ ਗੰਭੀਰ ਸਮੱਸਿਆ ਪ੍ਰਤੀ ਚਿੰਤਾ ਪ੍ਰਗਟ ਕਰਦਿਆਂ 'ਰੌਕੀ' ਨਾਟਕ ਦੀ ਸਿਰਜਣਾ ਕੀਤੀ ਹੈ। ਇਹ ਨਾਟਕ ਹਿੰਸਾ ਕਾਰਨ ਵਾਪਰਨ ਵਾਲੇ ਦੁਖਾਂਤ ਨੂੰ ਪੇਸ਼ ਕਰਦਾ ਹੈ। ਨਾਟਕ ਦੇ ਕਥਾਨਕ ਅਨੁਸਾਰ ਅਮਨਪਾਲ ਅਤੇ ਰਵਿੰਦਰ ਕੌਰ ਦੇ ਤਿੰਨ ਬੱਚੇ ਵਿੱਕੀ (ਵੱਡਾ ਪੁੱਤਰ), ਰੌਕੀ (ਛੋਟਾ ਪੁੱਤਰ) ਅਤੇ ਨਵੀ (ਬੇਟੀ) ਹਨ। ਅਮਨਪਾਲ ਇਕ ਕਮਾਊ ਵਿਅਕਤੀ ਹੈ ਜੋ ਆਪਣੇ ਬੱਚਿਆਂ ਦੀ ਹਰ ਇਕ ਇੱਛਾ ਪੂਰੀ ਕਰਦਾ ਹੈ ਅਤੇ ਉਨ੍ਹਾਂ ਨੂੰ ਕਿਸੇ ਚੀਜ਼ ਦੀ ਕਮੀਂ ਮਹਿਸੂਸ ਨਹੀਂ ਹੋਣ ਦਿੰਦਾ। ਪਰ ਵਿੱਕੀ ਮਾਂ-ਬਾਪ ਵਲੋਂ ਮਿਲੇ ਲਾਡ ਪਿਆਰ ਦੀ ਕੋਈ ਕਦਰ ਨਾ ਕਰਦਾ ਹੋਇਆ ਮਾੜੀ ਸੰਗਤ ਵਿਚ ਪੈ ਜਾਂਦਾ ਹੈ ਅਤੇ ਲੜਾਈ ਝਗੜੇ ਕਰਦਾ ਰਹਿੰਦਾ ਹੈ। ਵਿੱਕੀ ਨੂੰ ਮਾੜੇ ਵਿਵਹਾਰ ਕਾਰਨ ਸਕੂਲ ਤੋਂ ਵੀ ਕੱਢ ਦਿੱਤਾ ਜਾਂਦਾ ਹੈ। ਦੂਜੇ ਪਾਸੇ ਰੌਕੀ ਲਈ ਉਸ ਦਾ ਵੱਡਾ ਭਰਾ ਰੋਲ ਮਾਡਲ ਹੈ ਅਤੇ ਉਹ ਵੀ ਉਸ ਵਾਂਗ ਬਣਨਾ ਚਾਹੁੰਦਾ ਹੈ। ਵਿੱਕੀ ਦੀ ਮਾਂ ਅਤੇ ਭੈਣ ਨੂੰ ਉਸ ਦਾ ਲੜਾਈ ਝਗੜਾ ਕਰਨਾ ਚਿੰਤਾਜਨਕ ਜਾਪਦਾ ਹੈ। ਉਨ੍ਹਾਂ ਦੇ ਬਾਰ ਬਾਰ ਸਮਝਾਉਣ ਤੇ ਵੀ ਵਿੱਕੀ ਨਹੀਂ ਸਮਝਦਾ। ਇਕ ਦਿਨ ਵਿੱਕੀ ਦੀ ਝੜਪ ਵਿਰੋਧੀ ਗੈਂਗ ਦੇ ਮੁੰਡਿਆਂ ਨਾਲ ਹੋ ਜਾਂਦੀ ਹੈ ਜਿਸ ਵਿਚ ਉਸ ਦੇ ਛੋਟੇ ਭਰਾ ਰੌਕੀ ਦੀ ਮੌਤ ਹੋ ਜਾਂਦੀ ਹੈ ਅਤੇ ਸਾਰੇ ਪਰਿਵਾਰ ਵਿਚ ਸੋਗ ਦੀ ਲਹਿਰ ਦੌੜ ਜਾਂਦੀ ਹੈ। ਉਸ ਸਮੇਂ ਵਿੱਕੀ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੁੰਦਾ ਹੈ ਅਤੇ ਉਹ ਸਾਰਿਆਂ ਤੋਂ ਮੁਆਫੀ ਮੰਗਦਾ ਹੈ। ਪਰੰਤੂ ਹਿੰਸਾ ਕਾਰਨ ਵਾਪਰੀ ਦੁਰਘਟਨਾ ਤੋਂ ਬਾਅਦ ਵਿੱਕੀ ਦੇ ਮੁਆਫੀ ਮੰਗਣ ਦਾ ਕੋਈ ਫਾਇਦਾ ਨਹੀਂ ਸੀ ਕਿਉਂਕਿ ਹੋਣੀ ਆਪਣਾ ਕਾਰਾ ਕਰ ਚੁੱਕੀ ਸੀ। ਇਸ ਤਰ੍ਹਾਂ ਲੇਖਕ ਨੇ 'ਰੌਕੀ' ਨਾਟਕ ਵਿਚ ਨੌਜਵਾਨਾਂ ਵਿਚ ਵੱਧਦੀ ਜਾਂਦੀ ਹਿੰਸਾ ਦੀ ਪ੍ਰਵਿਰਤੀ ਕਾਰਨ ਵਾਪਰਨ ਵਾਲੇ ਦੁਖਾਂਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ ਅਤੇ ਇਸ ਕੁਰੀਤੀ ਨੂੰ ਠੱਲ ਪਾਉਣ ਵਾਸਤੇ ਨੌਜਵਾਨਾਂ ਨੂੰ ਇਸ ਤੋਂ ਬਚਣ ਦਾ ਸੁਨੇਹਾ ਦਿੱਤਾ ਹੈ। ਉਦਾਹਰਨ ਵਜੋਂ ਨਾਟਕ ਦੇ ਅੰਤ ਵਿਚ ਦਿੱਤੀਆਂ ਗਈਆਂ ਗੀਤ ਦੀਆਂ ਸਤਰਾਂ ਹੇਠ ਲਿੱਖੇ ਅਨੁਸਾਰ ਹਨ:

*ਖੂਨ ਦੀ ਹੋਲੀ ਬਥੇਰੀ ਖੇਡ ਲਈ,*
*ਮੌਤ ਦਾ ਤਾਂਡਵ ਬਥੇਰਾ ਹੋ ਗਿਆ,*
……………………………
*ਅਜੇ ਵਕਤ ਹੈ ਸੰਭਲ ਜਾਓ, ਪਰਤ ਆਓ ਸੋਹਣਿਓ*
*ਖੁੱਲੇ ਨੇ ਬੂਹੇ 'ਡੀਕਦੇ, ਚੋ ਗਿਆ, ਕੋਈ ਤੇਲ ਕੌਲ਼ੀ ਚੋ ਗਿਆ*
*ਖੂਨ ਦੀ ਹੋਲੀ ਬਥੇਰੀ ਖੇਡ ਲਈ...।* [7]

ਪਰਵਾਸ ਦੌਰਾਨ ਪਰਵਾਸੀ ਵਿਅਕਤੀ ਆਪਣਾ ਘਰ ਪਰਿਵਾਰ ਛੱਡਕੇ ਬੇਗਾਨੀ ਧਰਤੀ ਤੇ ਆਉਂਦਾ ਹੈ। ਇਉਂ ਇਕੱਲੇ ਰਹਿਣਾ ਅਤੇ ਰਫਿਊਜ਼ੀ ਵਾਲੀ ਜ਼ਿੰਦਗੀ ਬਸਰ ਕਰਨਾ ਵੀ ਇਕ ਪਰਵਾਸੀ ਲਈ ਦੁੱਖਦਾਈ ਹੋ ਨਿਬੜਦਾ ਹੈ। ਅਜਿਹੀ ਸਥਿਤੀ ਵਿਚ ਜਿੱਥੇ ਉਹ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਲਈ ਤਰਸਦਾ ਹੈ ਉੱਥੇ ਆਰਥਿਕ ਤੌਰ ਤੇ ਵੀ ਕਈ ਪਰੇਸ਼ਾਨੀਆਂ ਝੱਲਦਾ ਹੈ। ਇਸ ਸੰਕਟਮਈ ਸਥਿਤੀ ਵਿਚ ਘਿਰਿਆ ਪਰਵਾਸੀ ਵਿਅਕਤੀ ਆਪਣੇ ਇਕੱਲੇਪਨ ਅਤੇ ਉਦਾਸੀ ਤੋਂ ਛੁਟਕਾਰਾ ਪਾਉਣ ਲਈ ਕਈ ਬਾਰ ਸ਼ਰਾਬ ਦਾ ਸਹਾਰਾ ਲੈਂਦਾ ਹੈ ਜੋ ਹੌਲੀ ਹੌਲੀ ਉਸ ਦੀ ਆਦਤ ਬਣ ਜਾਂਦੀ ਹੈ। ਇਉਂ ਸ਼ਰਾਬ ਪੀਣੀ ਜਾਂ ਨਸ਼ੇ ਦਾ ਸੇਵਨ ਕਰਨਾ ਪਰਵਾਸੀ ਪੰਜਾਬੀਆਂ ਲਈ ਮੁਸ਼ਕਿਲਾਂ ਵਧਾਉਣ ਦਾ ਕਾਰਨ ਬਣਦਾ ਹੈ। ਸ਼ਰਾਬ ਪੀਣ ਵਾਲੇ ਵਿਅਕਤੀ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੁੰਦਾ ਕਿ ਸ਼ਰਾਬ ਦੀ ਆਦਤ ਉਸ ਦੀ ਰਹਿੰਦੀ ਜ਼ਿੰਦਗੀ ਨੂੰ ਵੀ ਖਰਾਬ ਕਰ ਸਕਦੀ ਹੈ ਅਤੇ ਉਸ ਦੀ ਜ਼ਿੰਦਗੀ ਦੀਆਂ ਖੁਸ਼ੀਆਂ ਖੋਹ ਸਕਦੀ ਹੈ। ਨਾਹਰ ਔਜਲਾ ਦਾ ਨਾਟਕ 'ਅਹਿਸਾਸ' ਅਜਿਹੀ ਹੀ ਸਥਿਤੀ ਵਿਚ ਘਿਰੇ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਦਾ ਪ੍ਰਗਟਾਵਾ ਕਰਦਾ ਹੈ। ਇਸ ਨਾਟਕ ਦਾ ਮੁੱਖ ਪਾਤਰ ਨਾਹਰ ਜਦੋਂ ਕੈਨੇਡਾ ਆਉਂਦਾ ਹੈ ਤਾਂ ਬੜਾ ਸਾਊ ਅਤੇ ਸਭ ਲਈ ਮਦਦਗਾਰ ਵਿਅਕਤੀ ਹੁੰਦਾ ਹੈ ਪਰੰਤੂ ਉੱਥੇ ਰਹਿੰਦਿਆਂ ਰਫਿਊਜ਼ੀਪੁਣੇ ਦੀਆਂ ਮੁਸ਼ਕਿਲਾਂ ਵਿਚ ਘਿਰਿਆ ਉਹ ਸ਼ਰਾਬ ਪੀਣਾ ਸ਼ੁਰੂ ਕਰ ਦਿੰਦਾ ਹੈ। ਉਦਾਹਰਨ:

*ਨਾਹਰ: ਦਾਰੂ ਮੈਂ ਐਵੇਂ ਨੀ ਪੀਣ ਲੱਗ ਗਿਆ, ਤੈਨੂੰ ਪਤਾ ਨੀ ਇਥੇ ਰਫਿਊਜ਼ੀ ਬਣ ਕੇ ਰਹਿਣਾ ਕਿੰਨਾ ਔਖਾ, ਮੈਨੂੰ ਹੀ ਪਤੈ ਕੇ ਕਿਵੇਂ ਮੈਂ ਟਾਇਮ ਲੰਘਾਇਆ।* [8]

ਉਪਰੋਕਤ ਅਨੁਸਾਰ ਪਰਵਾਸੀ ਵਿਅਕਤੀ ਮਾੜੇ ਸਮੇਂ ਅਤੇ ਹਾਲਾਤ ਤੋਂ ਤੰਗ ਆ ਕੇ ਨਸ਼ੇ ਦਾ ਸਹਾਰਾ ਲੈਂਦਾ ਹੈ ਪਰ ਇਹ ਵੀ ਸੱਚ ਹੈ ਕਿ ਮਨੁੱਖ ਦਾ ਸਮਾਂ ਹਮੇਸ਼ਾ ਇਕੋ ਜਿਹਾ ਨਹੀਂ ਰਹਿੰਦਾ। ਗ਼ਮਾਂ ਦੀ ਕਾਲੀ ਰਾਤ ਦਾ ਅੰਤ ਸੁੱਖਾਂ ਲੱਧੀ ਸਵੇਰ ਨਾਲ ਹੋ ਸਕਦਾ ਹੈ। ਪਰ ਮਾੜੇ ਸਮੇਂ ਵਿਚ ਪਾਲ ਲਈਆਂ ਮਾੜੀਆਂ

ਆਦਤਾਂ ਕਦੇ ਨਹੀਂ ਬਦਲਦੀਆਂ। ਇਹ ਤਾਂ ਬੰਦੇ ਦੇ ਨਾਲ ਨਾਲ ਹੀ ਵਿਚਰਦੀਆਂ ਹਨ। ਇਸ ਲਈ ਕਈ ਵਾਰ ਸਮਾਂ ਬਦਲਣ, ਆਰਥਿਕ ਹਾਲਾਤ ਵਿਚ ਸੁਧਾਰ ਹੋਣ ਅਤੇ ਪਰਿਵਾਰ ਦੇ ਨਾਲ ਰਹਿੰਦਿਆਂ ਨਾਹਰ ਵਰਗੇ ਵਿਅਕਤੀਆਂ ਦੀ ਸ਼ਰਾਬ ਦੀ ਆਦਤ ਨਹੀਂ ਛੁੱਟਦੀ ਅਤੇ ਉਸ ਨੂੰ ਆਪਣੇ ਪਰਿਵਾਰ ਤੋਂ ਦੂਰ ਲੈ ਜਾਂਦੀ ਹੈ। ਇਹ ਦੂਰੀਆਂ ਬਾਹਰੀ ਦਿੱਖ ਦੀਆਂ ਨਹੀਂ ਸਗੋਂ ਅੰਦਰੂਨੀ ਭਾਵ ਦਿਲਾਂ ਦੀਆਂ ਦੂਰੀਆਂ ਹੁੰਦੀਆਂ ਹਨ। ਉਦਾਹਰਨ:

*ਨਾਹਰ: ਸੁਰਜੀਤ ਜਦ ਮੈਂ ਤੇਰੇ ਵੱਲ ਦੇਖਦਾ, ਦਿਲ ਤਾਂ ਮੇਰਾ ਵੀ ਕਰਦੈ, ਜਿਨ੍ਹਾਂ ਬੱਚਿਆਂ ਲਈ ਮੈਂ ਇੰਨੇ ਸਾਲ ਦੇਸ਼ ਨਿਕਾਲਾ ਲਿਆ, ਹੁਣ ਉਨ੍ਹਾਂ ਤੋਂ ਫਿਰ ਵੀ ਦੂਰ ਹਾਂ।* [9]

ਇੰਜ ਇਹ ਨਾਟਕ ਮਨੁੱਖ ਨੂੰ ਸ਼ਰਾਬ ਪੀਣ ਨਾਲ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਉਂਦਾ ਹੈ ਅਤੇ ਪਰਵਾਸੀਆਂ ਨੂੰ ਇਹ ਸਿੱਖਿਆ ਵੀ ਦਿੰਦਾ ਹੈ ਵਿਦੇਸ਼ੀ ਧਰਤੀ ਤੇ ਰਹਿੰਦਿਆਂ ਇਕੱਲਤਾ, ਬੇਗਾਨਗੀ ਅਤੇ ਮੁਸ਼ਕਿਲਾਂ ਭਰੇ ਸਮੇਂ ਦਾ ਡੱਟ ਕੇ ਸਾਹਮਣਾ ਕਰਨਾ ਚਾਹੀਦਾ ਹੈ ਨਾ ਕਿ ਨਸ਼ਿਆਂ ਦਾ ਸਹਾਰਾ ਲੈ ਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਬਰਬਾਦ ਕਰਨੀ ਚਾਹੀਦੀ ਹੈ। ਦਰਅਸਲ ਪਰਵਾਸੀਆਂ ਅੰਦਰ ਇਸ ਕੁਰੀਤੀ ਦੇ ਪਾਏ ਜਾਣ ਪਿੱਛੇ ਇਕ ਇਹ ਵੀ ਕਾਰਨ ਕਾਰਜਸ਼ੀਲ ਹੈ ਕਿ ਵਿਦੇਸ਼ੀ ਧਰਤੀ ’ਤੇ ਰਹਿਕੇ ਵੀ ਪਰਵਾਸੀ ਵਿਅਕਤੀ ਆਪਣੇ ਦੇਸੀ ਸਭਿਆਚਾਰ ਅਤੇ ਰਹਿਣੀ ਬਹਿਣੀ ਨੂੰ ਵਿਸਾਰ ਨਹੀਂ ਪਾਉਂਦਾ। ਪਰਵਾਸੀ ਪੰਜਾਬੀਆਂ ਤੇ ਵੀ ਇਹ ਗੱਲ ਢੁੱਕਦੀ ਹੈ ਕਿ ਉਹ ਆਪਣੀਆਂ ਜੱਟਵਾਦੀ ਰੁਚੀਆਂ ਦਾ ਤਿਆਗ ਨਹੀਂ ਕਰ ਪਾਉਂਦੇ। ਘਰ ਵਿਚ ਕਿਸੇ ਮਹਿਮਾਨ ਦੇ ਆਉਣ ਤੇ ਜਾਂ ਕਿਸੇ ਖੁਸ਼ੀ ਦੇ ਮੌਕੇ ਤੇ ਸ਼ਰਾਬ ਪੀਣਾ ਪੰਜਾਬੀਆਂ ਲਈ ਸ਼ਾਨ ਵਾਲੀ ਗੱਲ ਹੈ। ਨਾਟਕ ‘ਅਹਿਸਾਸ’ ਵਿਚ ਨਾਹਰ ਔਜਲਾ ਨੇ ਸਾਡੇ ਪਰਵਾਸੀ ਪੰਜਾਬੀਆਂ ਵਿਚਲੀ ਜੱਟਵਾਦੀ ਸੋਚ ਨੂੰ ਵੀ ਹਿੰਸਾ ਜਾਂ ਨਸ਼ਿਆਂ ਨੂੰ ਵਧਾਉਣ ਦਾ ਕਾਰਨ ਦੱਸਿਆ ਹੈ। ਨਾਟਕ ਦੇ ਪਾਤਰ ਪਰਵਾਸੀ ਪੰਜਾਬੀਆਂ ਭਾਵ ਨਾਹਰ ਅਤੇ ਅਮਰ ਮੁਤਾਬਕ ਜੱਟ ਦੀ ਪਛਾਣ ਅੰਨਦਾਤੇ ਜਾਂ ਖੇਤਾਂ ਵਿਚ ਸਖਤ ਮਿਹਨਤ ਕਰਨ ਵਾਲੇ ਸਿਰੜੀ ਵਿਅਕਤੀ ਵਜੋਂ ਨਹੀਂ ਸਗੋਂ ਉਸ ਦੇ ਲੜਾਈ ਝਗੜੇ ਕਰਨ ਅਤੇ ਸ਼ਰਾਬ ਪੀਣ ਦੇ ਸ਼ੌਂਕ ਤੋਂ ਹੀ ਹੋ ਸਕਦੀ ਹੈ। ਇਹ ਜੱਟਵਾਦੀ ਸੋਚ ਅਤੇ ਸ਼ਰਾਬ ਪੀਣ ਦੀ ਦਿਖਾਵੇ ਵਾਲੀ ਪ੍ਰਵਿਰਤੀ ਸਾਡੇ ਪਰਵਾਸੀ ਪੰਜਾਬੀਆਂ ਲਈ ਵਧੇਰੇ ਮੁਸ਼ਕਿਲਾਂ ਖੜੀ ਕਰਦੀ ਹੈ। ਜਿਵੇਂ ‘ਅਹਿਸਾਸ’ ਨਾਟਕ ਵਿਚ ਇਸ ਦੀ ਉਦਾਹਰਨ ਦੇਖੀ ਜਾ ਸਕਦੀ ਹੈ:

*ਨਾਹਰ: ਬਈ ਨਾਲੇ ਜੱਟਾਂ ਦੇ ਮੁੰਡੇ ਨੀ ਪੀਣਗੇ, ਫੇਰ ਹੋਰ ਕੌਣ ਪੀਵੇਗਾ...* [10]

ਦੇਖਿਆ ਜਾਵੇ ਤਾਂ ਅਜੋਕੇ ਸਮੇਂ ਵਿਚ ਰਿਸ਼ਤਾ ਨਾਤਾ ਪ੍ਰਣਾਲੀ ਵੀ ਖੋਖਲੀ ਹੋ ਗਈ ਜਾਪਦੀ ਹੈ। ਮਨੁੱਖੀ ਰਿਸ਼ਤੇ ਸਵਾਰਥ ਅਤੇ ਲਾਲਚ ਦੀ ਤਕੜੀ ਵਿਚ ਨਿੱਤ ਤੁੱਲਦੇ ਦੇਖੇ ਜਾਂਦੇ ਹਨ। ਵਿਆਹ ਸ਼ਾਦੀ ਜਿਹਾ ਪਵਿੱਤਰ ਰਿਸ਼ਤਾ ਅੱਜ ਵਪਾਰ ਬਣ ਗਿਆ ਹੈ। ਵਿਦੇਸ਼ ਜਾਣ ਦੇ ਸਵਾਰਥ ਕਾਰਨ ਮਾਂ-ਬਾਪ ਆਪਣੇ ਧੀਆਂ ਪੁੱਤਰਾਂ ਦਾ ਵਿਆਹ ਦੇ ਨਾਮ ਤੇ ਸੌਦਾ ਕਰਨ ਲੱਗ ਪਏ ਹਨ। ਪਾਲੀ ਭੁਪਿੰਦਰ ਦਾ ਲਿਖਿਆ ਹੋਇਆ ਨਾਟਕ ‘ਚੰਦਨ ਦੇ ਓਹਲੇ’ ਇਸ ਸਮੱਸਿਆ ਦੀ ਤਰਜ਼ਮਾਨੀ ਕਰਦਾ ਹੈ। ਅਜਿਹਾ ਸੌਦਾ ਕਰਦੇ ਹੋਏ ਮਾਪੇ ਆਪਣੇ ਬੱਚਿਆਂ ਦੀ ਪਸੰਦ, ਨਾ ਪਸੰਦ ਅਤੇ ਖੁਸ਼ੀ ਦਾ ਕੋਈ ਖਿਆਲ ਨਹੀਂ ਰੱਖਦੇ। ਉਨ੍ਹਾਂ ਦਾ ਮਕਸਦ ਸਿਰਫ ਧੀ ਦਾ ਵਿਦੇਸ਼ੀ ਮੁੰਡੇ ਨਾਲ ਵਿਆਹ ਕਰਵਾਕੇ ਉਸ ਨੂੰ ਵਿਦੇਸ਼ ਭੇਜਣਾ ਹੁੰਦਾ ਹੈ ਤਾਂ ਜੋ ਉਨ੍ਹਾਂ ਦੀ ਧੀ ਬਾਅਦ ਵਿਚ ਉਨ੍ਹਾਂ ਨੂੰ ਵੀ ਵਿਦੇਸ਼ ਲੈ ਜਾਵੇ ਅਤੇ ਉਹ ਉੱਥੇ ਜਾਕੇ ਡਾਲਰ ਕਮਾ ਸਕਣ। ਪਰ ਲਾਲਚ ਦੀਆਂ ਗੰਢਾਂ ਵਿਚ ਬੱਝੇ ਅਜਿਹੇ ਰਿਸ਼ਤੇ ਥੁੜ ਚਿਰੇ ਹੀ ਹੰੁਦੇ ਹਨ। ਜੋ ਕਈ ਵਾਰ ਕਿਸੇ ਦੀ ਜ਼ਿੰਦਗੀ ਜਾਂ ਬਰਬਾਦੀ ਦਾ ਕਾਰਨ ਵੀ ਬਣਦੇ ਹਨ। ਇਸ ਤਰ੍ਹਾਂ ਡਾਲਰ ਕਮਾਉਣ ਦੇ ਲਾਲਚ ਵਿਚ ਕੀਤੇ ਜਾਣ ਵਾਲੇ ਵਿਆਹ ਦੀ ਸਮੱਸਿਆ ਦੀ ਪੇਸ਼ਕਾਰੀ ਨਾਹਰ ਔਜਲਾ ਦੇ ਨਾਟਕ ‘ਤਿੜਕਦੇ ਰਿਸ਼ਤੇ’ ਵਿਚ ਹੋਈ ਹੈ। ਉਦਾਹਰਨ ਦੇ ਤੌਰ ਤੇ ਨਾਟਕ ਵਿਚ ਵਰਤੇ ਗਏ ਗੀਤ ਦੇ ਬੋਲ ਇਸ ਤਰ੍ਹਾਂ ਹਨ:

*ਰਿਸ਼ਤੇ ਤਾਂ ਹੋ ਗਏ ਖੋਖਲੇ,*
*ਡਾਲਰ ਟਿਕਾਊ ਹੋ ਗਿਆ,*
*ਮੰਡੀ ਦੀ ਵਸਤੂ ਹੈ ਵਿਆਹ,*
*ਬੰਦਾ ਵਿਕਾਊ ਹੋ ਗਿਆ।* [11]

ਨਾਟਕ ਵਿਚ ਗੈਰੀ ਦਾ ਵਿਆਹ ਪੰਜਾਬ ਵਿਚ ਵੱਸਦੀ ਸਤਿੰਦਰ ਨਾਲ ਕੀਤਾ ਜਾਂਦਾ ਹੈ। ਪਰ ਸਤਿੰਦਰ ਕੈਨੇਡਾ ਆਉਣ ਤੇ ਗੈਰੀ ਨਾਲ ਜਾਣ ਦੀ ਬਜਾਇ ਆਪਣੇ ਰਿਸ਼ਤੇਦਾਰ ਨਾਲ ਚਲੀ ਜਾਂਦੀ ਹੈ। ਜਿਸ ਤੋਂ ਗੈਰੀ ਅਤੇ ਉਸਦਾ ਪਰਿਵਾਰ ਬੜਾ ਪਰੇਸ਼ਾਨ ਹੁੰਦਾ ਹੈ ਅਤੇ ਸਤਿੰਦਰ ਦੇ ਘਰ ਨਾ ਆਉਣ ਤੇ ਬੇਇਜ਼ਤੀ ਮਹਿਸੂਸ ਕਰਦਾ ਹੈ। ਗੈਰੀ ਜਦੋਂ ਸਤਿੰਦਰ ਨੂੰ ਉਸਦੇ ਇਸ ਵਤੀਰੇ ਦਾ ਕਾਰਨ ਪੁੱਛਦਾ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਸਤਿੰਦਰ ਪਹਿਲਾਂ ਹੀ ਇਸ ਵਿਆਹ ਤੋਂ ਇਨਕਾਰੀ ਸੀ ਅਤੇ ਉਸ ਦੇ ਮਾਪਿਆਂ ਨੇ ਕੈਨੇਡਾ ਆਉਣ ਦੇ ਲਾਲਚ ਕਾਰਨ ਉਸ ਦਾ ਵਿਆਹ ਧੱਕੇ ਨਾਲ ਕੀਤਾ ਸੀ। ਉਦਾਹਰਨ:

*ਗੈਰੀ: ਉਹਨਾਂ ਨੂੰ ਆਪ ਕੈਨੇਡਾ ਪਹੁੰਚਣ ਦਾ ਲਾਲਚ ਸੀ, ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਮਾਂ ਪਿਉ ਆਪਣੇ ਮਤਲਬ ਕੱਢਣ ਲਈ ਆਪਣੀ ਹੀ ਔਲਾਦ ਦੇ ਸੌਦੇ ਕਿਉਂ ਕਰਦੇ ਨੇ।* [12]

ਕੈਨੇਡਾ ਦੀ ਧਰਤੀ ਤੇ ਰਹਿੰਦਿਆਂ ਸਾਡੇ ਪੰਜਾਬੀ ਭਾਈਚਾਰੇ ਨੇ ਵਿਆਹ ਜਾਂ ਪਤੀ ਪਤਨੀ ਦੇ ਰਿਸ਼ਤੇ ਨੂੰ ਮਜ਼ਾਕ ਬਣਾਕੇ ਰੱਖਿਆ ਹੋਇਆ ਹੈ। ਇਨ੍ਹਾਂ ਲਈ ਵਿਆਹ ਮੌਤ ਦੇ ਸਮੇਂ ਤਕ ਨਿਭਣ ਵਾਲਾ ਰਿਸ਼ਤਾ ਨਹੀਂ ਸਗੋਂ ਜਦੋਂ ਦਿਲ ਚਾਹੇ ਇਹ ਰਿਸ਼ਤਾ ਤੋੜਿਆ ਜਾ ਸਕਦਾ ਹੈ। ਜਦੋਂ ਬੰਦੇ ਦਾ ਔਰਤ ਤੋਂ ਦਿਲ ਭਰ ਜਾਵੇ ਤਾਂ ਉਹ ਉਸ ਨੂੰ ਛੱਡ ਸਕਦਾ ਹੈ ਜਾਂ ਘਰ ਤੋਂ ਭਜਾ ਸਕਦਾ ਹੈ। ਉਦਾਹਰਨ:

*ਭਜਨ: ਆਪਣੀ ਕਮਿਊਨਟੀ 'ਚ ਚਲਦੈ, ਕਈ ਤਾਂ ਬਹੂ ਨੂੰ ਕੁੱਟ-ਕੁੱਟ ਕੇ ਭਜਾਉਂਦੇ ਨੇ, ਬਈ ਪਹਿਲੀ ਭੱਜੇ, ਫੇਰ ਚੰਗਾ ਦਾਜ ਲੈ ਕੇ ਦੂਜੀ ਲਿਆਈਏ।* [13]

ਵਿਆਹ ਦੇ ਨਾਮ ਤੇ ਹੋਣ ਵਾਲੀਆਂ ਠੱਗੀਆਂ ਕੈਨੇਡਾ ਵਿਚ ਰਹਿ ਰਹੇ ਪਰਵਾਸੀ ਪੰਜਾਬੀਆਂ ਲਈ ਬਿਜਨਸ ਬਣ ਚੁੱਕੀਆਂ ਹਨ। 'ਅਹਿਸਾਸ' ਨਾਟਕ ਵਿਚ ਵੀ ਇਸ ਸਮੱਸਿਆ ਦੀ ਪੇਸ਼ਕਾਰੀ ਨਾਹਰ ਅਤੇ ਅਮਰ ਦੇ ਵਾਰਤਾਲਾਪ ਤੋਂ ਹੁੰਦੀ ਹੈ। ਉਦਾਹਰਨ:

*ਅਮਰ: ਲੈ ਇਹ ਵੀ ਸੁਣ ਲੈ, ਇੰਡੀਆ ਤੋਂ ਕਿਸੇ ਦੀ ਕੁੜੀ ਨੂੰ ਏਧਰ ਕੱਢਿਐ, ਡਾਲਰ 35 ਹਜ਼ਾਰ ਲਿਆ, ਨਾਲੇ ਸਾਰਾ ਆਉਣ ਜਾਣ 'ਤੇ ਘੁੰਮਣ ਫਿਰਨ ਦਾ ਖਰਚਾ। ਨਾ ਹਿੰਗ ਲੱਗੀ ਨਾ ਫਟਕੜੀ...।* [14]

ਉਪਰੋਕਤ ਅਨੁਸਾਰ ਕੁੱਝ ਪਰਵਾਸੀ ਪੰਜਾਬੀਆਂ ਅੰਦਰ ਪਾਈ ਜਾਣ ਵਾਲੀ ਭ੍ਰਿਸ਼ਟਾਚਾਰੀ ਅਤੇ ਝੂਠੇ ਵਿਆਹ ਵਾਲੀ ਇਹ ਕੁਰੀਤੀ ਅਸਲ ਵਿਚ ਸਾਰੇ ਪਰਵਾਸੀ ਪੰਜਾਬੀਆਂ ਦੇ ਅਕਸ ਨੂੰ ਹੀ ਸ਼ੱਕ ਦੇ ਘੇਰੇ ਵਿਚ ਲਿਆ ਕੇ ਖੜਾ ਕਰ ਦਿੰਦੀ ਹੈ।ਇਸ ਨਾਲ ਮਨੁੱਖ ਅੰਦਰੋਂ ਇਕ ਦੂਜੇ ਪ੍ਰਤੀ ਵਿਸ਼ਵਾਸ ਦੀ ਭਾਵਨਾ ਮੁੱਕਦੀ ਜਾਂਦੀ ਹੈ। ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆ ਮਨੁੱਖ ਨੂੰ ਆਪਣੀਆਂ ਸਮਾਜਿਕ ਜਿੰਮੇਵਾਰੀਆਂ ਤੋਂ ਮੂੰਹ ਮੋੜਨ ਦੀ ਬਜਾਇ ਉਨ੍ਹਾਂ ਜਿੰਮੇਵਾਰੀਆਂ ਨੂੰ ਸਮਝਣਾ ਚਾਹੀਦਾ ਹੈ ਅਤੇ ਸਮਾਜ ਪ੍ਰਤੀ ਬਣਦੇ ਆਪਣੇ ਫਰਜ਼ਾਂ ਨੂੰ ਨਿਭਾਉਣਾ ਚਾਹੀਦਾ ਹੈ। ਨਾਟਕਕਾਰ ਨਾਹਰ ਔਜਲਾ ਕੈਨੇਡਾ ਦੀ ਧਰਤੀ ਤੇ ਰਹਿੰਦੇ ਪੰਜਾਬੀ ਪਰਵਾਸੀਆਂ ਨੂੰ ਉਪਰੋਕਤ ਮਸਲੇ ਪ੍ਰਤੀ ਸੁਚੇਤ ਕਰਦਾ ਹੋਇਆ ਇਸ ਨੂੰ ਠੱਲ ਪਾਉਣ ਲਈ ਪ੍ਰੇਰਿਤ ਕਰਦਾ ਹੈ ਤਾਂ ਜੋ ਰਿਸ਼ਤਿਆਂ ਦੀ ਮਰਿਆਦਾ ਨੂੰ ਕਾਇਮ ਰੱਖਿਆ ਜਾ ਸਕੇ ਅਤੇ ਧੀਆਂ ਪੁੱਤਰਾਂ ਦੀ ਸੌਦੇਬਾਜ਼ੀ ਖਤਮ ਕੀਤੀ ਜਾ ਸਕੇ।

ਇਸ ਤੋਂ ਇਲਾਵਾ ਅਗਿਆਨਤਾ ਕਾਰਨ ਅੰਧਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਨਾਲ ਜੁੜੇ ਰਹਿਣਾ ਵੀ ਸਾਡੇ ਲੋਕਾਂ ਦੀ ਤਰੱਕੀ ਵਿਚ ਰੁਕਾਵਟ ਪਾਉਂਦਾ ਹੈ। ਅੱਜ ਇੱਕੀਵੀਂ ਸਦੀ ਦੇ ਦੌਰ ਵਿਚ ਜਿੱਥੇ ਵਿੱਦਿਆ ਅਤੇ ਗਿਆਨ ਸਦਕਾ ਮਨੁੱਖ ਚੰਦ ਤੱਕ ਆਪਣੀ ਪਹੁੰਚ ਨੂੰ ਸੰਭਵ ਬਣਾ ਚੁੱਕਿਆ ਹੈ ਉੱਥੇ ਫਿਰ ਵੀ ਅਗਿਆਨਤਾ ਅਤੇ ਅੰਧਵਿਸ਼ਵਾਸ ਨੂੰ ਜੜ ਤੋਂ ਖਤਮ ਨਹੀਂ ਕੀਤਾ ਜਾ ਸਕਿਆ। ਅੱਜ ਵੀ ਬਹੁੱਤੇ ਲੋਕ ਅਖੌਤੀ ਬਾਬਿਆਂ ਜਾਂ ਪਾਖੰਡੀ ਸਾਧੂਆਂ ਵਿਚ ਵਿਸ਼ਵਾਸ ਰੱਖਦੇ ਹਨ। ਭਾਰਤ ਵਿਚ ਹੀ ਨਹੀਂ ਸਾਡੇ ਲੋਕ ਵਿਦੇਸ਼ੀ ਧਰਤੀ ਤੇ ਜਾ ਕੇ ਵੀ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ ਤੋਂ ਖਹਿੜਾ ਨਹੀਂ ਛੁੜਾ ਸਕੇ ਜਿਸ ਕਾਰਨ ਉਹ ਬਹੁਤੀ ਵਾਰ ਆਪਣਾ ਭਾਰੀ ਨੁਕਸਾਨ ਕਰਵਾ ਲੈਂਦੇ ਹਨ। ਇਸ ਗੰਭੀਰ ਸਮੱਸਿਆ ਪ੍ਰਤੀ ਸੁਚੇਤ ਕਰਦਿਆਂ ਨਾਹਰ ਔਜਲਾ ਨੇ 'ਨਵੇ ਯੁੱਗ ਦੀ ਬਾਤ...' ਨਾਟਕ ਦੀ ਉਸਾਰੀ ਕੀਤੀ ਹੈ। ਇਸ ਨਾਟਕ ਵਿਚ ਲੇਖਕ ਨੇ ਇਹ ਵਿਚਾਰ ਪੇਸ਼ ਕੀਤਾ ਹੈ ਕਿ ਕੈਨੇਡਾ ਵਰਗੇ ਵਿਕਸਿਤ ਮੁਲਕ ਵਿਚ ਰਹਿੰਦੇ ਹੋਏ ਵੀ ਲੋਕ ਵਹਿਮਾਂ ਭਰਮਾਂ ਦਾ ਤਿਆਗ ਨਹੀਂ ਕਰ ਪਾਉਂਦੇ ਅਤੇ ਅਜਿਹੇ ਲੋਕ ਹੀ ਪਾਖੰਡੀ ਸਾਧਾਂ ਜਾਂ ਅਖੌਤੀ ਬਾਬਿਆਂ ਦੀਆਂ ਚਾਲਾਂ ਦਾ ਸ਼ਿਕਾਰ ਬਣਦੇ ਹਨ। ਲਾਲਚੀ ਬਾਬੇ ਚਲਾਕੀਆਂ, ਝੂਠੀਆਂ ਕਰਾਮਾਤਾਂ ਦੇ ਨਾਲ ਇਨ੍ਹਾਂ ਲੋਕਾਂ ਨੂੰ ਠੱਗਦੇ ਅਤੇ ਆਪਣੀਆਂ ਜੇਬਾਂ ਭਰਦੇ ਹਨ। ਨਾਟਕ 'ਨਵੇਂ ਯੁੱਗ ਦੀ ਬਾਤ' ਵਿਚ ਸ਼ਰਨ ਦੀ ਬੇਟੀ ਕਿਰਨ ਮਾਨਸਿਕ ਰੋਗੀ ਹੈ ਅਤੇ ਉਸ ਨੂੰ ਡਾਕਟਰੀ ਇਲਾਜ ਦੀ ਲੋੜ ਹੈ ਪਰੰਤੂ ਸ਼ਰਨ ਉਸਨੂੰ ਬਾਬੇ ਭਠਿਆਰੇ ਕੋਲ਼ ਲੈ ਜਾਂਦੀ ਹੈ ਅਤੇ ਬਾਬੇ ਦੀ ਚੇਲੀ ਗੁਰਮੀਤੋ ਉਸ ਤੋਂ ਢਾਈ ਸੋ ਦੇ ਬਹਾਨੇ ਸਾਢੇ ਬਾਰਾਂ ਸੋ ਡਾਲਰ ਦੀ ਰਕਮ ਹੜੱਪ ਲੈਂਦੀ ਹੈ। ਸ਼ਰਨ ਦੀ ਵੱਡੀ ਬੇਟੀ ਪ੍ਰਨੀਤ ਨੂੰ ਜਦੋਂ ਇਸ ਗੱਲ ਦਾ ਪਤਾ ਲਗਦਾ ਹੈ ਤਾਂ ਉਹ ਸ਼ਰਨ ਨੂੰ ਗੁੱਸੇ ਹੁੰਦੀ ਹੈ। ਦੂਜੇ ਪਾਸੇ ਮਲੂਕਾ ਨਾਮ ਦਾ ਇਕ ਹੋਰ ਪਾਤਰ ਵੀ ਉਸ ਬਾਬੇ ਦੇ ਧੱਕੇ ਚੜ ਜਾਂਦਾ ਹੈ। ਬਾਬਾ ਮਲੂਕੇ ਦਾ ਵਿਆਹ ਇੰਡੀਆ ਰਹਿੰਦੀ ਆਪਣੀ ਕਿਸੇ ਭਗਤਣੀ ਨਾਲ ਕਰਵਾ ਦਿੰਦਾ ਹੈ ਜੋ ਵਿਆਹ ਉਪਰੰਤ ਕੈਨੇਡਾ ਆ ਕੇ ਮਲੂਕੇ ਨੂੰ ਛੱਡ ਜਾਂਦੀ ਹੈ। ਜਦ ਮਲੂਕਾ ਇਸ ਬਾਰੇ ਬਾਬੇ ਨਾਲ ਗੱਲ ਕਰਦਾ ਹੈ ਤਾਂ ਬਾਬਾ ਉਸ ਨੂੰ ਪਿਛਲੇ ਜਨਮਾਂ ਦਾ ਲੇਖਾ ਜੋਖਾ ਦੱਸਦਾ ਹੈ। ਇਸ ਦੇ ਨਾਲ ਹੀ ਹਰਮਿੰਦਰ (ਮਲੂਕੇ ਦਾ ਦੋਸਤ) ਬਾਬੇ ਦੇ ਠੱਗ ਕਿਰਦਾਰ ਤੋਂ ਭਲੀ ਭਾਂਤ ਜਾਣੂ ਹੁੰਦਾ ਹੈ। ਉਹ ਸੋਚੀ ਸਮਝੀ ਸਕੀਮ ਮੁਤਾਬਕ ਬਾਬੇ ਨੂੰ ਉਲਝਾ ਦਿੰਦਾ ਹੈ। ਬਾਬਾ ਜਦੋਂ ਭੂਤ ਦਾ ਪਾਖੰਡ ਰਚਕੇ ਕਿਰਨ ਨੂੰ ਵਾਲਾਂ ਤੋਂ ਫੜ ਕੇ ਕੁੱਟਣ ਲੱਗਦਾ ਹੈ ਤਾਂ ਪ੍ਰਨੀਤ ਉਸ ਨੂੰ ਰੋਕ ਲੈਂਦੀ ਹੈ। ਪ੍ਰਨੀਤ ਬਾਬੇ ਨੂੰ ਕੁੱਟਦੀ ਹੈ ਅਤੇ ਕਿਰਨ ਨੂੰ ਉਸ ਤੋਂ ਛੁੜਵਾਉਂਦੀ ਹੈ। ਹਰਮਿੰਦਰ ਅਤੇ ਪ੍ਰਨੀਤ ਦੀ ਕਾਰਗੁਜਾਰੀ ਨਾਲ ਬਾਬੇ ਦਾ ਭਾਂਡਾ ਭੰਨਿਆ

ਜਾਂਦਾ ਹੈ ਅਤੇ ਸੱਚ ਸਾਹਮਣੇ ਲਿਆਂਦਾ ਜਾਂਦਾ ਹੈ। ਨਾਟਕ ਦੇ ਅੰਤ ਵਿਚ ਪ੍ਰਨੀਤ ਦੇ ਇਨ੍ਹਾਂ ਬੋਲਾਂ ਰਾਹੀਂ ਨਾਟਕਕਾਰ ਪਾਖੰਡੀ ਬਾਬਿਆਂ ਤੇ ਵਿਸ਼ਵਾਸ ਨਾ ਕਰਨ ਅਤੇ ਤਰਕਸ਼ੀਲ ਸੋਚ ਨੂੰ ਅਪਨਾਉਣ ਦਾ ਸੁਨੇਹਾ ਦਿੰਦਾ ਹੈ। ਉਦਾਹਰਨ:

> *ਪ੍ਰਨੀਤ: (ਹਾਜ਼ਰ ਲੋਕਾਂ ਨੂੰ ਸੰਬੋਧਿਤ ਹੋ ਕੇ) ਅੰਧ ਵਿਸ਼ਵਾਸ ਦੇ ਚੱਕਰ 'ਚ ਫਸੇ ਲੋਕੋ, ਇਹ ਸਾਧ, ਬਾਬੇ, ਜੋਤਸ਼ੀ, ਸਿਆਣੇ ਤੁਹਾਡੀ ਕਿਸੇ ਸਮੱਸਿਆ ਦਾ ਹੱਲ ਨਹੀਂ, ਇਹ ਤਾਂ ਸਗੋਂ ਆਪ ਇਕ ਸਮੱਸਿਆ ਬਣੇ ਹੋਏ ਨੇ, ਪੂਰੇ ਸਮਾਜ ਲਈ। ਇਹ ਤਾਂ ਸਗੋਂ ਦੁਖੀਆਂ ਨੂੰ ਲੁੱਟਦੇ ਤੇ ਕੁੱਟਦੇ ਨੇ। ਆਪਣੀਆਂ ਮੁਸ਼ਕਲਾਂ, ਆਪਣੇ ਦੁੱਖਾਂ ਦਾ ਹੱਲ ਤੁਸੀਂ ਆਪ ਕਰਨਾ ਹੈ। ਆਓ ਤਰਕਸ਼ੀਲ ਸੋਚ 'ਤੇ ਆਧਾਰਿਤ ਨਵੇਂ ਸਮਾਜ ਦੀ ਸਿਰਜਣਾ ਲਈ ਅੱਗੇ ਆਈਏ...।* [15]

ਇਸ ਤਰ੍ਹਾਂ ਉਪਰੋਕਤ ਅਨੁਸਾਰ ਅਸੀਂ ਕਹਿ ਸਕਦੇ ਹਾਂ ਕਿ ਅਜੋਕੇ ਸਮੇਂ ਵਿਚ ਭੂ-ਹੇਰਵਾ, ਨਸਲੀ ਵਿਤਕਰੇ ਜਾਂ ਕਾਲੇ ਗੋਰੇ ਦਾ ਭੇਦ ਜਿਹੀਆਂ ਸਮੱਸਿਆਵਾਂ ਪਰਵਾਸੀ ਪੰਜਾਬੀਆਂ ਦੇ ਦੁਖਾਂਤ ਜਾਂ ਜੀਵਨ ਲਈ ਤਰੱਕੀ ਦੇ ਰਾਹ ਵਿਚ ਬਹੁਤੀਆਂ ਰੁਕਾਵਟਾਂ ਨਹੀਂ ਪਾਉਂਦੀਆਂ। ਪਰਵਾਸੀ ਪੰਜਾਬੀਆਂ ਦੇ ਵਿਕਾਸ ਨੂੰ ਰੋਕਣ ਵਾਲੇ ਮਸਲੇ ਜਾਂ ਰੁਕਾਵਟਾਂ ਇਨ੍ਹਾਂ ਵਲੋਂ ਖ਼ੁੱਦ ਪੈਦਾ ਕਿਤੇ ਹੋਏ ਜਾਪਦੇ ਹਨ ਜਿਵੇਂ ਸ਼ਰਾਬ ਪੀਣਾ, ਅੰਨੇਵਾਹ ਡਾਲਰ ਕਮਾਉਣ ਦੇ ਚੱਕਰਾਂ ਵਿਚ ਫਸੇ ਰਹਿਣਾ, ਪਰਿਵਾਰ ਅਤੇ ਬੱਚਿਆਂ ਪ੍ਰਤੀ ਬਣਦੀ ਜਿੰਮੇਵਾਰੀ ਨੂੰ ਨਾ ਨਿਭਾਉਣਾ, ਵਹਿਮਾਂ ਭਰਮਾਂ ਦਾ ਪਿੱਛਾ ਨਾ ਛੱਡਣਾ, ਪੁਰਾਣੀਆਂ ਅਤੇ ਫੋਕੀਆਂ ਦਿਖਾਵੇ ਵਾਲੀਆਂ ਰੁਚੀਆਂ ਦਾ ਤਿਆਗ ਨਾ ਕਰਨਾ ਆਦਿ। ਜੇਕਰ ਪਰਵਾਸੀ ਪੰਜਾਬੀ ਆਪਣੀਆਂ, ਪਰਿਵਾਰਕ, ਸਮਾਜਿਕ ਜਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਤਰਕਸ਼ੀਲ ਸੋਚ ਨੂੰ ਅਪਨਾ ਲੈਣ ਤਾਂ ਉਨ੍ਹਾਂ ਨੂੰ ਅੱਗੇ ਵੱਧਣ ਤੋਂ ਕੋਈ ਨਹੀਂ ਰੋਕ ਸਕਦਾ। ਇਸ ਲਈ ਮਨੁੱਖ ਨੂੰ ਸਕਾਰਾਤਮਕ ਸੋਚ ਨੂੰ ਅਪਣਾਉਂਦੇ ਹੋਏ ਅਗਾਂਹਵਧੂ ਵਿਚਾਰਾਂ ਦੇ ਧਾਰਣੀ ਬਣਨਾ ਚਾਹੀਦਾ ਹੈ ਤਾਂ ਜੋ ਇਕ ਤਰਕਸ਼ੀਲ, ਖੁਸ਼ਹਾਲ, ਉਨੱਤ ਅਤੇ ਵਿਕਸਿਤ ਸਮਾਜ ਦੀ ਉਸਾਰੀ ਕੀਤੀ ਜਾ ਸਕੇ।

## *ਹਵਾਲੇ ਅਤੇ ਟਿੱਪਣੀਆਂ*


1. *ਨਾਭਾ, ਭਾਈ ਕਾਨ੍ਹ ਸਿੰਘ, 2006, ਗੁਰਸ਼ਬਦ ਰਤਨਾਕਰ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪੰਨਾ:803*
2. *ਸਿੰਘ, ਸੁਰਿੰਦਰ ਪਾਲ, 1999, ਪਰਵਾਸੀ ਪੰਜਾਬੀ ਵਿਚਾਰ ਚਰਚਾ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨਾ:3*
3. *ਔਜਲਾ, ਨਾਹਰ, 2011, ਡਾਲਰਾਂ ਦੀ ਦੌੜ, ਚੇਤਨਾ ਮੰਚ ਪ੍ਰਕਾਸ਼ਨ, ਬਰੈਂਪਟਨ, ਕੈਨੇਡਾ, ਪੰਨਾ:21-22*
4. *-ਉਹੀ-, ਪੰਨਾ:24*
5. *-ਉਹੀ-, ਪੰਨਾ:28*
6. *-ਉਹੀ-, ਪੰਨਾ:32*
7. *-ਉਹੀ-, ਪੰਨਾ:52*
8. *-ਉਹੀ-, ਪੰਨਾ:60*
9. *-ਉਹੀ-, ਪੰਨਾ:63*
10. *-ਉਹੀ-, ਪੰਨਾ:36*
11. *-ਉਹੀ-, ਪੰਨਾ:76*
12. *-ਉਹੀ-, ਪੰਨਾ:75*
13. *-ਉਹੀ-, ਪੰਨਾ:72*
14. *-ਉਹੀ-, ਪੰਨਾ:57*
15. *-ਉਹੀ-, ਪੰਨਾ:96*



***Cite this Article-***

ਡਾ. ਅੰਜੂ ਬਾਲਾ (Dr. Anju Bala), ਪਰਵਾਸੀ ਪੰਜਾਬੀਆਂ ਦੇ ਮਸਲਿਆਂ ਦਾ ਪ੍ਰਗਟਾਵਾ: ਡਾਲਰਾਂ ਦੀ ਦੌੜ (PARWASI PUNJABIAN DE MASLIAN DA PARGTAWA: DALRAAN DI DAUD), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 63-69.*

***Journal URL:*** www.armaan.org.in

**DOI:** https://doi.org/10.64119/armaan.vol.3.issue3.10



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*